Community Services
Community Standards and Neighbourhoods

City of Edmonton
2nd Floor Edmonton Tower
10111 104 Avenue NW
Edmonton, AB T5J 0J4

edmonton.ca

# ਫੁੱਟਪਾਥ 'ਤੇ ਬਰਫ਼

ਅੰਗਰੇਜ਼ੀ ਤੋਂ ਪੰਜਾਬੀ - ਅਨੁਵਾਦ ਕਰਨ ਲਈ ਜੈਗ

## 1. ਮੈਨੂੰ ਇਹ ਨੋਟਿਸ ਕਿਉਂ ਮਿਲਿਆ?

ਇਹ ਸੰਪਤੀ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਸਰਦੀ ਦੇ ਪੂਰੇ ਮੌਸਮ ਦੌਰਾਨ ਪੂਰੇ ਫੁੱਟਪਾਥ 'ਤੇ ਪਈ ਸਾਰੀ ਬਰਫ਼ ਅਤੇ ਆਈਸ ਨੂੰ ਹਟਾਏ। ਜੇ ਤੁਹਾਨੂੰ ਇਹ ਨੋਟਿਸ ਡਾਕ ਰਾਹੀਂ ਜਾਂ ਤੁਹਾਡੇ ਦਰਵਾਜ਼ੇ 'ਤੇ ਮਿਲਿਆ ਹੈ, ਤਾਂ ਇਸ ਦਾ ਮਤਲਬ ਹੈ ਕਿ ਤੁਹਾਡੀ ਸੰਪਤੀ ਦੇ ਨਾਲ ਲੱਗਦੀ ਸ਼ਹਿਰ ਦੀ ਫੁੱਟਪਾਥ 'ਤੇ ਬਰਫ਼ ਅਤੇ/ਜਾਂ ਆਈਸ ਮਿਲੀ ਹੈ।

## 2. ਸ਼ਹਿਰ ਦੇ ਫੁੱਟਪਾਥ 'ਤੇ ਬਰਫ਼ ਜਾਂ ਆਈਸ ਹਟਾਉਣ ਸੰਬੰਧੀ ਉਪ-ਨਿਯਮ ਕਿਉਂ ਹੈ?

ਬਰਫ਼ ਅਤੇ ਜੰਮਣ/ਪਿਘਲਣ ਦੇ ਚੱਕਰਾਂ ਕਰਕੇ ਪੈਦਲ ਚੱਲਣ ਵਾਲੇ ਰਸਤਿਆਂ ਅਤੇ ਫੁੱਟਪਾਥ 'ਤੇ ਖ਼ਤਰਨਾਕ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਇਹ ਸਥਿਤੀਆਂ ਹਰ ਕਿਸੇ ਲਈ ਸੁਰੱਖਿਆ ਸੰਬੰਧੀ ਚਿੰਤਾ ਦਾ ਵਿਸ਼ਾ ਹਨ — ਖਾਸ ਤੌਰ 'ਤੇ ਘੱਟ ਹਿੱਲ-ਜੁਲ ਕਰ ਸਕਣ ਵਾਲੇ ਲੋਕਾਂ, ਸੇਵਾ ਪ੍ਰਦਾਤਾਵਾਂ ਅਤੇ ਕੂੜਾ ਚੁੱਕਣ ਵਾਲੇ ਲੋਕਾਂ ਲਈ। ਆਪਣੇ ਫੁੱਟਪਾਥਾਂ ਨੂੰ ਸੁਰੱਖਿਅਤ ਰੱਖਣਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ।

## 3. ਪਾਲਣਾ ਕਰਨ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ?

ਆਦਰਸ਼ ਤੌਰ 'ਤੇ, ਸੰਪਤੀ ਮਾਲਕਾਂ ਨੂੰ ਉਹਨਾਂ ਦੀ ਸੰਪਤੀ ਦੇ ਆਲੇ-ਦੁਆਲੇ ਦੇ ਫੁੱਟਪਾਥਾਂ ਤੋਂ ਜਿੰਨੀ ਜਲਦੀ ਹੋ ਸਕੇ ਬਰਫ਼ ਅਤੇ ਆਈਸ ਨੂੰ ਹਟਾ ਦੇਣਾ ਚਾਹੀਦਾ ਹੈ, ਖਾਸ ਕਰਕੇ ਲਗਾਤਾਰ ਬਰਫ਼ਬਾਰੀ ਦੇ ਦਿਨਾਂ ਦੌਰਾਨ ਜਾਂ ਜਦੋਂ ਬਰਫ਼ ਜੰਮ ਕੇ ਆਈਸ ਬਣ ਜਾਵੇ।
ਜੇ ਤੁਸੀਂ ਆਪਣੀ ਸੰਪਤੀ ਦੇ ਆਲੇ-ਦੁਆਲੇ ਦੇ ਫੁੱਟਪਾਥ ਤੋਂ ਬਰਫ਼ ਨੂੰ ਤੁਰੰਤ ਸਾਫ਼ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ਉਹਨਾਂ ਖੇਤਰਾਂ 'ਤੇ ਅਸਥਾਈ ਤੌਰ 'ਤੇ ਰੇਤ/ਬੱਜਰੀ ਪਾ ਸਕਦੇ ਹੋ ਜਿਸ ਦੌਰਾਨ ਉਹਨਾਂ ਖੇਤਰਾਂ ਨੂੰ ਤੋੜਿਆਂ ਅਤੇ ਹਟਾਇਆ ਜਾ ਰਿਹਾ ਹੁੰਦਾ ਹੈ। ਤੁਹਾਨੂੰ ਕਈ ਕਮਿਊਨਿਟੀ ਸੈਂਡਬਾਕਸਾਂ ਵਿੱਚ ਮੁਫਤ ਵਿੱਚ ਰੇਤ ਮਿਲ ਸਕਦੀ ਹੈ।

## 4. ਜੇ ਮੈਂ ਨੋਟਿਸ ਦੀ ਅਣਦੇਖੀ ਕਰਦਾ/ਕਰਦੀ ਹਾਂ, ਤਾਂ ਕੀ ਹੋਵੇਗਾ?

ਜੇ ਨੋਟਿਸ ਦੀ ਸਮਾਂ-ਮਿਆਦ ਖਤਮ ਹੋਣ ਤੋਂ ਬਾਅਦ ਸ਼ਹਿਰ ਦੀ ਫੁੱਟਪਾਥ 'ਤੇ ਬਰਫ਼ ਜਾਂ ਆਈਸ ਪਾਈ ਜਾਂਦੀ ਹੈ, ਤਾਂ $100 ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਫੁੱਟਪਾਥ ਸਾਫ਼ ਕਰਵਾਉਣ ਲਈ, ਸੰਪਤੀ ਮਾਲਕ ਦੇ ਖਰਚੇ 'ਤੇ ਬਰਫ਼ ਹਟਾਉਣ ਵਾਲੇ ਠੇਕੇਦਾਰ ਨੂੰ ਭੇਜਿਆ ਜਾਵੇਗਾ ਅਤੇ ਇਹਨਾਂ ਲਾਗਤਾਂ ਨੂੰ ਟੈਕਸ ਰੋਲ ਵਿੱਚ ਜੋੜਿਆ ਜਾਵੇਗਾ।